# ਪੰਜਾਬੀ (310)
# ਟੀ.ਐਮ.ਏ.
# ਸੀਨੀਅਰ ਸੈਕੰਡਰੀ ਪੱਧਰ

ਕੁਲ ਅੰਕ: 20
MM.:20

ਨੋਟ: (i) ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣਾ ਲਾਜਮੀ ਹੈ। ਹਰਕੇ ਪ੍ਰਸ਼ਨ ਦੇ ਅੰਕ ਉਸਦੇ ਸਾਹਮਣੇ ਦਿੱਤੇ ਗਏ ਹਨ।
(ii) ਉੱਤਰ ਪੁਸਤਿਕਾ ਦੇ ਪਹਿਲੇ ਪੰਨੇ ਦੇ ਉਪਰ ਵੱਲ ਨੂੰ ਆਪਣਾ ਨਾਂ, ਰੋਲ ਨੰਬਰ, ਅਧਿਅਨ ਕੇਂਦਰ ਦਾ ਨਾਂ, ਵਿਸ਼ਾ ਆਦਿ ਸਪਸ਼ਟ ਸ਼ਬਦਾਂ ਵਿੱਚ ਲਿਖੋ।

Note: (i) All Questions are compulsory. Marks for each question have been given in front of that.
(ii) Write your Enrolment number. A.I Name and Subject etc. on the top of the first page of the Answer Sheet.

ਪ੍ਰ.1 ਹੇਠ ਲਿਖਿਆਂ ਵਿਚੋਂ ਕਿਸੇ ਇੱਕ ਪ੍ਰਸ਼ਨ ਦਾ ਉਤਰ 40-60 ਸ਼ਬਦਾਂ ਵਿੱਚ ਦਿਓ। 2

ੳ) 'ਖਸਮ ਮਿਟੀ ਫਿਰਿ ਭਾਨੀ' ਦਾ ਭਾਵ ਅਰਥ ਸਪੱਸ਼ਟ ਕਰੋ?
ਅ) ਪੰਜਾਬੀ ਦੀਆਂ ਉਪਭਾਸ਼ਾਵਾਂ ਦੀ ਵਿਸਤਾਰ ਸਹਿਤ ਜਾਣਕਾਰੀ ਦਿਓ।

ਪ੍ਰ.2 ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਇੱਕ ਪ੍ਰਸਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਓ। 2
ੳ) 'ਵਾਰਿਸ ਸ਼ਾਹ' ਕਵਿਤਾ ਦਾ ਕੇਂਦਰੀ ਭਾਵ ਦੱਸੋ?
ਅ) 'ਪੰਜਾਬ' ਗੀਤ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ?

ਪ੍ਰ.3 ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ- 2
ੳ) ਪੇਂਡੂ ਪੰਜਾਬੀ ਸਭਿਆਚਾਰ ਵਿੱਚ ਪ੍ਰਾਹੁਣਾਚਾਰੀ ਦੇ ਕਿਹੜੇ ਵਿਲੱਖਣ ਪੱਖ ਦਰਸਾਏ ਗਏ ਹਨ?
ਅ) ਬਾਬੇ ਨਾਨਕ ਦੇ 'ਵੇਈਂ ਦਰਿਆ' ਦੇ ਉਸੇ ਘਾਟ 'ਚੋਂ ਤੀਜੇ ਦਿਨ ਬਾਹਰ ਆਉਣ 'ਤੇ, ਲੋਕਾਂ ਦਾ ਪ੍ਰਤੀਕਰਮ ਕੀ ਸੀ?

ਪ੍ਰ.4 ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਦਿਉ- 4
ੳ) 'ਵੱਡੇ ਸ਼ਹਿਰ ਦੇ ਅੰਦਰ ਇੱਕ ਹੋਰ ਸ਼ਹਿਰ ਤੇ ਉਸ ਦੇ ਅੰਦਰ ਇੱਕ ਹੋਰ ਸ਼ਹਿਰ ਹੈ-ਡੱਬੇ ਵਿੱਚ ਡੱਬੀ ਤੇ ਉਸ ਵਿੱਚ ਹੋਰ ਡੱਬੀ।' ਇਸ ਵਾਕ ਦੀ ਵਿਆਖਿਆ ਕਰੋ?
ਅ) 'ਦਹੇਜ ਲੈਣਾ ਤੇ ਦਹੇਜ ਦੇਣਾ ਪਾਪ ਹੈ।' ਇਸ ਸਤਰ ਦਾ ਹਵਾਲਾ ਕਿਸ ਪ੍ਰਸੰਗ ਵਿੱਚ ਆਉਂਦਾ ਹੈ, ਵਿਸਤਾਰ ਵਿੱਚ ਲਿਖੋ।

ਚਲਦਾ ਪੰਨਾ...2.....

Scanned by CamScanner

ਪ੍ਰ.5 ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਦਿਉ- 4

ੳ) ਵਿਗਿਆਪਨ ਦੀ ਪ੍ਰੀਭਾਸ਼ਾ ਲਿਖਦੇ ਹੋਏ ਲਿਖਤ ਵਿਗਿਆਪਨਾਂ ਦੀ ਅੱਜ ਦੇ ਯੁੱਗ ਵਿੱਚ ਕੀ ਮਹੱਤਤਾ ਹੈ, ਦਾ ਵਿਸਤਾਰ ਪੂਰਵਕ ਵਰਣਨ ਕਰੋ।

ਅ) ਸਾਂਝੇ ਪਰਿਵਾਰ ਟੁੱਟਣ ਦੀ ਪ੍ਰਕਿਰਿਆ ਕੀ ਹੈ? ਇਸ ਸਬੰਧੀ ਗੀਤਾਂ ਬਾਰੇ ਚਰਚਾ ਕਰੋ।

ਪ੍ਰ.6 ਹੇਠ ਲਿਖਿਆ ਵਿਚੋਂ ਕੋਈ ਇੱਕ ਪ੍ਰੋਜੇਕਟ ਬਣਾਓ- 6

ੳ) ਤੁਹਾਡੇ ਆਲੇ ਦੁਆਲੇ ਸਮਾਜ ਵਿੱਚ ਭਲਾਈ ਲਈ ਕਾਰਜ ਕਰ ਰਹੇ ਵਿਅਕਤੀਆਂ ਦੀ ਇੱਕ ਸੂਚੀ ਬਣਾਉ ਅਤੇ ਇਹ ਦੱਸਦੇ ਹੋਏ ਕਿ ਉਨ੍ਹਾਂ ਦੇ ਭਲਾਈ ਕੰਮਾਂ ਦਾ ਸਮਾਜ ਨੂੰ ਕੀ ਲਾਭ ਹੋਵੇਗਾ, ਦੇ ਬਾਰੇ ਇੱਕ ਨਿਬੰਧ ਲਿਖੋ।

ਅ) ਤੁਸੀਂ ਆਪਣੇ ਬਚਪਨ ਵਿੱਚ ਆਪਣੇ ਬਜ਼ੁਰਗਾਂ ਪਾਸੋ ਜੋ ਰਾਜੇ ਰਾਣੀ ਦੀ ਕੋਈ ਕਹਾਣੀ ਸੁਣੀ ਹੈ ਉਸਨੂੰ ਚੇਤੇ ਕਰਦੇ ਹੋਏ ਆਪਣੇ ਸ਼ਬਦਾ ਵਿੱਚ ਲਿਖੋ ਅਤੇ ਢੁਕਵੇਂ ਚਿੱਤਰ ਵੀ ਬਣਾਓ।

Scanned by CamScanner